ਜਮਾਤ +1 ਪੇਪਰ-ਇਤਿਹਾਸ

ਸਮਾਂ-3 ਘੰਟੇ

# ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਡਰੋਲੀ ਭਾਈ ਲੜਕੇ (ਮੋਗਾ)

ਸਤੰਬਰ (2022-23)

ਭਾਗ-ੳ

ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ: (ਵਸਤੂਨਿਸ਼ਠ ਪ੍ਰਸ਼ਨ)

1.ਸਿੰਧ ਘਾਟੀ ਦੀ ਸਭਿਅਤਾ ਦੀ ਖੋਜ ਕਦੋ ਹੋਈ?
ੳ. 1920 ਅ. 1921 ੲ. 1924 ਸ. 1928
2.ਸਿੰਧ ਘਾਟੀ ਦੀ ਸਭਿਅਤਾ ਵਿੱਚ ਕਿਸ ਧਾਤ ਦੀ ਵਰਤੋਂ ਕੀਤੀ ਜਾਂਦੀ ਹੈ?
ੳ. ਚਾਂਦੀ ਅ. ਪਿੱਤਲ ੲ. ਖਾਸੀ ਸ. ਸੋਨਾ
3.ਰਿਗਵੈਦਿਕ ਆਰੀਆ ਦਾ ਸਭ ਤੋ ਪੁਰਾਣਾ ਗ੍ਰੰਥ ਕਿਹੜਾ ਹੈ?
ੳ. ਰਿਗਵੇਦ ਅ.ਸਾਮਵੇਦ ੲ. ਯਜੁਰਵੇਦ ਸ. ਅਦਰਵੇਦ
4.ਮਹਾਂਵੀਰ ਜੈਨ ਦਾ ਜਨਮ ਕਦੋਂ ਹੋਇਆ?
ੳ. 599 ਅ. 699 ੲ. 549 ਸ. 569
5.ਮਹਾਤਮਾ ਬੁੱਧ ਦਾ ਨੂੰ ਗਿਆਨ ਦੀ ਪਾਪ੍ਰਤੀ ਕਿਥੇਂਹੋਈ?
ੳ. ਸਾਰਨਾਥ ਅ. ਗਯਾ ੲ. ਲ਼ੁੰਬਨੀ ਸ.ਵੈਸ਼ਾਲੀ
6.ਸਿਕੰਦਰ ਨੇ ਭਾਰਤ ਤੇ ਕਦੋਂ ਹਮਲਾ ਕੀਤਾ/
ੳ.321 ਅ.326. ੲ.332 ਸ.332 ਹ.322
7.ਕਲਿੰਗਾ ਦੀ ਰਾਜਧਾਨੀ ਦਾ ਕੀ ਨਾਂ ਹੈ?
ੳ.ਪਾਟਲੀਪੁੱਤਰ ਅ.ਤਕਸ਼ਿਲਾ ੲ.ਉਜੈਨ ਸ.ਤੋਸ਼ਾਲੀ
8.ਅਸੋਕ ਦੇ ਸ਼ਿਲਾਲੇਖ ਦੀ ਲਿੱਪੀ ਕਿਹੜੀ ਹੈ?
ੳ.ਬ੍ਰਹਮੀ ਅ.ਖਰੋਸ਼ਫੀ ੲ.ਦੇਵਨਾਗਰੀ ਸ.ਖਰੋਸ਼ਫੀ, ਬ੍ਰਹਮੀ
9.ਪੰਚਤਤਰ ਦਾ ਲੇਖਕ ਕੌਣ ਸੀ?
ੳ.ਵਿਸਨੂੰ ਸ਼ਰਮਾ ਅ.ਆਰੀਆ ਭੱਟ ੲ.ਅਸਵਘੋਸ਼ ਸ.ਭਾਸ
10.ਹਰਸ਼ਚਰਿਤ ਦਾ ਲੇਖਕ ਕੌਣ ਸੀ?
ੳ.ਬਾਣ ਭੱਟ ਅ.ਹਿਊਨਸਾਂਗ ੲ.ਫਾਈਯਾਨ ਸ.ਦੰਭੀ
11.ਸੰਕਰਾਚਾਰੀਆ ਕਿਸ ਰਾਜ ਦੇ ਰਹਿਣ ਵਾਲੇ ਸਨ?
ੳ.ਬੰਗਾਲ ਅ.ਉਡੀਸਾ ੲ.ਕੇਰਲ ਸ.ਤਾਮਿਲਨਾਡੂ
12.ਗੁਪਤ ਵੰਸ਼ ਦਾ ਪਹਿਲਾ ਸ਼ਾਸਕ ਕੌਣ ਸੀ?
ੳ.ਸਮੁਦਰਗੁਪਤ ਅ.ਚੰਦਰਗੁਪਤ ਪਹਿਲਾ ੲ.ਚੰਦਰਗੁਪਤ ਦੂਜਾ ਸ.ਸਕੰਦ ਗੁਪਤ
13.ਰਾਜਪੂਤ ਕਿਸ ਧਰਮ ਨੂੰ ਮੰਨਦੇ ਹਨ?
ੳ.ਹਿੰਦੂਧਰਮ ਅ.ਇਸਲਾਮ ਧਰਮ ੲ.ਬੁੱਧ ਧਰਮ ਸ.ਜੈਨ ਧਰਮ
14.ਮਹਿਮੂਦ ਗਜ਼ਨਵੀ ਨੇ ਭਾਰਤ ਤੇ ਕਿੰਨੇ ਹਮਲੇ ਕੀਤੇ?
ੳ.12 ਅ.10 ੲ.5 ਸ.17
15.ਤਰਾਇਣ ਦੀ ਦੂਜੀ ਲੜਾਈ ਕਦੋਂ ਹੋਈ?
ੳ.1192 ਅ.1190 ੲ.1194 ਸ.1199
16.ਲੋਧੀ ਵੰਸ਼ ਦਾ ਸੰਸਥਾਪਕ ਕੋਣ ਸੀ?

ੳ.ਸਿਕੰਦਰ ਲੋਧੀ ਅ. ਇਬਰਾਹੀਮ ਲੋਧੀ ੲ.ਬਹਿਲੋਲ ਲੋਧੀ ਸ.ਇਨ੍ਹਾਂ ਵਿਚੋਂ ਕੋਈ ਨਹੀਂ
17.ਮੀਰਾਬਾਈ ਕਿਸ ਰਾਜ ਨਾਲ ਸਬੰਧਿਤ ਸੀ?
ੳ.ਰਾਜਸਥਾਨ ਅ.ਬੰਗਾਲ ੲ.ਪੰਜਾਬ ਸ.ਬਿਹਾਰ
18.ਗੀਤ ਗੋਬਿੰਦ ਦੇ ਲੇਖਕ ਕੋਣ ਸਨ?
ੳ.ਜੈਦੇਵ ਅ.ਰਾਮਾਨੰਦ ੲ.ਨਾਮਦੇਵ ਸ.ਵੱਲਭਚਾਰੀਆ
19.ਸੰਤ ਕਬੀਰ ਦਾ ਜਨਮ ਕਿੱਥੇ ਹੋਇਆ?
ੳ.ਕਾਸ਼ੀ ਅ.ਪਟਨਾ ੲ.ਬਨਾਰਸ ਸ.ਅਲੀਗੜ
20.ਰਾਮਾਨੰਦ ਨੇ ਕਿਹੜੀ ਭਾਸ਼ਾ ਦੀ ਵਰਤੋਂ ਕੀਤੀ?
ੳ.ਪੰਜਾਬੀ ਅ.ਹਿੰਦੀ ੲ.ਤਾਮਿਲ ਸ.ਸੰਸਕ੍ਰਿਤ 20

## ਭਾਗ-ਅ

ਹੇਠ ਲਿਖੇ ਪ੍ਰਸ਼ਨਾਂ ਦਾ ਉੱਤਰ ਇੱਕ ਸ਼ਬਦ ਵਿੱਚ ਦਿਓ:

1.ਸਿੰਧੂ ਘਾਟੀ ਦੀ ਸਭਿਅਤਾ ਦੇ ਲੋਕਾ ਦਾ ਮੁੱਖ ਧੰਦਾ ਕੀ ਸੀ?
2.ਮਹਾਭਾਰਤ ਦੀ ਰਚਨਾ ਕਿਸ ਨੇ ਕੀਤੀ?
3.ਮਹਾਤਮਾ ਬੁੱਧ ਦੇ ਬਚਪਨ ਦਾ ਕੀ ਨਾਮ ਸੀ?
4.ਚੰਦਰ ਗੁਪਤ ਮੋਰੀਆ ਦੇ ਪ੍ਰਧਾਨ ਮੰਤਰੀ ਦਾ ਕੀ ਨਾਂ ਸੀ?
5. ਭਾਰਤ ਦਾ ਨਿਪੋਲੀਅਨ ਕਿਸ ਨੂੰ ਕਿਹਾ ਜਾਂਦਾ ਸੀ?
6. ਹਰਸ਼ਵਰਧਨ ਦੇ ਸਮੇਂ ਦੇ ਵਿਦਵਾਨ ਦਾ ਨਂ ਦੱਸੋ?
7.ਭੁਵਨੇਸ਼ਵਰ ਭਾਰਤ ਦੇ ਕਿਸ ਰਾਜ ਵਿੱਚ ਹੇ?
8.ਕੁਤਬਮੀਨਾਰ ਦੀਆ ਕਿੰਨੀਆ ਮੰਜਿ਼ਲਾਂ ਹਨ?
9.ਵਿਜੈ ਨਗਰ ਕਿਸ ਦਰਿਆ ਦੇ ਕੰਢੇ ਵਸਿਆ ਹੈ?
10.ਗੀਤ ਗੋਬਿਦ ਦੇ ਲੇਖਕ ਕੋਣ ਹਨ? 10

## ਭਾਗ -ੲ

ਹੇਠ ਲਿਖੇ ਕਿਸੇ ਪੰਜ ਪ੍ਰਸ਼ਨਾਂ ਦਾ ਉੱਤਰ ਦਿਓ:

1.ਸਿੰਧ ਘਾਟੀ ਦੇ ਲੋਕ ਮ੍ਰਿਤਕ ਦਾ ਸੰਸਕਾਰ ਕਿਹੜੇ ਤਿੰਨ ਢੰਗਾਂ ਨਾਲ ਕਰਦੇ ਸਨ?
2.ਸ਼ੁਰੂ ਵਿੱਚ ਆਰੀਆ ਲੋਕਾਂ ਦਾ ਮੁੱਖ ਧੰਦਾ ਕੀ ਸੀ? ਗਾਵਾਂ ਦੀ ਉਸ ਸਮੇਂ ਕੀ ਮਹਾਨਤਾ ਸੀ?
3.ਮਹਾਤਮਾ ਬੁੱਧ ਅਨੁਸਾਰ ਚਾਰ ਮਹਾਨ ਸੱਚ ਕਿਹੜੇ ਹਨ?
4 ਸੰਤ ਰਵੀਦਾਸ ਜੀ ਦੀਆਂ ਤਿੰਨ ਸਿੱਖਿਆਵਾਂ ਲਿਖੋ?
5.ਜਜ਼ੀਆ ਤੋਂ ਕੀ ਭਾਵ ਹੈ?
6.ਮਹਿਮੂਦ ਗਜ਼ਨਵੀ ਨੇ ਭਾਰਤ ਤੇ ਕਿਉਂ ਹਮਲੇ ਕੀਤੇ?
7.ਨਾਲਦਾ ਵਿਸ਼ਵ ਵਿਦਿਆਲਾ ਦੀਆਂ ਕੋਈ ਤਿੰਨ ਵਿਸ਼ੇਸਤਾ ਦੱਸੋ?
8.ਸਮੁਦਰਗੁਪਤ ਨੂੰ ਭਾਰਤ ਦਾ ਨਿਪੋਲੀਅਨ ਕਿਉਂ ਕਿਹਾ ਜਾਂਦਾ ਸੀ? 5*3=15

## ਭਾਗ -ਸ

ਹੇਠ ਲਿਖੇ ਪੈਰ੍ਹੇ ਵਿਚੋਂ ਉੱਤਰ ਲਿਖੋ:

ਗੁਰੂ ਅਰਜਨ ਦੇਵ ਜੀ ਸਿੱਖਾਂ ਦੇ ਪੰਜਵੇਂ ਗੁਰੂ ਸਨ।ਉਹ ਗੁਰੂ ਰਾਮਦਾਸ ਜੀ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਵਿੱਚ ਗੁਰੂਗੱਦੀ ਤੇ ਬੈਠੇ ।ਆਪਣੇ 25 ਸਾਲਾਂ ਦੇ ਗੁਰੂ ਕਾਲ ਵਿਚ ਉਨ੍ਹਾਂ ਨੇ ਸਿੱਖ ਧਰਮ ਦੇ ਵਿਕਾਸ ਲਈ ਅਨੇਕਾਂ ਮਹੱਤਵਪੂਰਨ ਕਾਰਜ ਕੀਤੇ।ਉਨ੍ਹਾਂ ਨੇ ਅਮ੍ਰਿਤਸਰ ਵਿੱਚ ਹਰਿਮੰਦਰ ਸਾਹਿਬ ਦਾ ਨਿਰਮਾਣ ਕਰਕੇ ਸਿੱਖਾਂ ਨੂੰ ਉਨ੍ਹਾਂ ਦਾ ਪਵਿੱਤਰ ਸਥਾਨ ਪ੍ਰਦਾਨ ਕੀਤਾ। ਗੁਰੂ ਸਾਹਿਬ ਨੇ ਆਪਣੇ ਪ੍ਰਮੁੱਖ ਸ਼ਿਸ਼ ਭਾਈ ਗੁਰਦਾਸ ਭੱਲਾ ਜੀ ਦੀ ਸਹਾਇਤਾ ਨਾਲ ‘ਆਦਿ ਗ੍ਰੰਥ ਦਾ ਸੰਕਲਨ ਕੀਤਾ। ਗੁਰੂ ਅਰਜਨ ਦੇਵ ਜੀ ਉੱਚ ਕੋਟੀ ਦੇ ਸੰਗਠਨਕਰਤਾ ਅਤੇ ਪ੍ਰਚਾਰਕ ਵੀ ਸਨ।ਉੱਨ੍ਹਾਂ ਨੇ ਸਿੱਖ ਧਰਮ ਦੇ ਪ੍ਰਚਾਰ ਲਈ ਆਪ ਕਈ ਪ੍ਰਦੇਸਾਂ ਦੀਆਂ ਯਾਤਰਾਵਾਂ ਕੀਤੀਆਂ ਅਤੇ ਤਰਨਤਾਰਨ,ਕਰਤਾਰਪੁਰ, ਤੇ ਸ੍ਰੀ ਹਰਗੋਬਿੰਦਪੁਰ ਨਾਂ ਦੇ ਨਗਰਾਂ ਦੀ ਨੀਂਹ ਰੱਖੀ। ਉੱਨਾਂ ਨੇ ‘ਮਸੰਦ ਪ੍ਰਥਾ, ਨੂੰ ਹੋਰ ਵਧੇਰੇ ਸੰਗਠਿਤ ਅਤੇ ਵਿਕਸਿਤ ਕੀਤਾ।ਸਭ ਤੋਂ ਵੱਧ ਉਨ੍ਹਾਂ ਨੇ ਆਪਣੀ ਸਹਾਦਤ ਦੇ ਕੇ ਸਿੱਖ ਇਤਿਹਾਸ ਵਿੱਚ ਸ਼ਹੀਦੀ ਦੀ ਪਰੰਪਰਾ ਨੂੰ ਜਨਮ ਦਿੱਤਾ।

ਪ੍ਰਸ਼ਨ 1. ਸਿੱਖਾਂ ਦੇ ਪੰਜਵੇਂ ਗੁਰੂ ਸਾਹਿਬ ਦਾ ਕੀ ਨਾਂ ਸੀ?
ਪ੍ਰਸ਼ਨ 2. ਗੁਰੂ ਅਰਜਨ ਦੇਵ ਜੀ ਦਾ ਗੁਰੂ ਕਾਲ ਕਿੰਨਾ ਸੀ?
ਪ੍ਰਸ਼ਨ 3. ਗੁਰੂ ਅਰਜਨ ਦੇਵ ਜੀ ਨੇ ਆਦਿ ਗ੍ਰੰਥ ਦਾ ਸੰਕਲਨ ਕਿਸ ਦੀ ਸਹਾਇਤਾ ਨਾਲ ਕੀਤਾ?
ਪ੍ਰਸ਼ਨ 4.ਹਰਮੰਦਰ ਸਾਹਿਬ ਦਾ ਨਿਰਮਾਣ ਕਿਸ ਗੁਰੂ ਸਾਹਿਬ ਨੇ ਕੀਤਾ?
ਪ੍ਰਸ਼ਨ 5.ਗੁਰੂ ਜੀ ਨੇ ਕਿਸ ਪ੍ਰਥਾ ਨੂੰ ਸੰਗਠਿਤ ਕੀਤਾ? 5

ਭਾਗ-ਹ (ਵੱਡੇ ਉੱਤਰਾਂ ਵਾਲੇ ਪ੍ਰਸ਼ਨ)

ਕੋਈ ਦੋ ਪ੍ਰਸ਼ਨਾ ਦੇ ਉੱਤਰ ਦਿਓ:

ਪ੍ਰਸ਼ਨ 1.ਭਗਤੀ ਅੰਦੋਲਨ ਦੀ ਉਤਪਤੀ ਦੇ ਬਾਰੇ ਤੁਸੀਂ ਕੀ ਜਾਣਦੇ ਹੋ? ਕਾਰਨ ਦੱਸੋ?
ਪ੍ਰਸ਼ਨ 2.ਸਿੰਧ ਘਾਟੀ ਦੇ ਲੋਕਾਂ ਦੇ ਸਮਾਜਿਕ ਜੀਵਨ ਬਾਰੇ ਤੁਸੀਂ ਕੀ ਜਾਣਦੇ ਹੋ? ਵਿਸਥਾਰ ਸਹਿਤ ਲਿਖੋ?
ਪ੍ਰਸ਼ਨ 3.ਅਲਾਉਦੀਨ ਖਿਲਜੀ ਦੇ ਪ੍ਰਸ਼ਾਸਨਿਕ ਸੁਧਾਰਾਂ ਤੇ ਆਰਿਥਕ ਸੁਧਾਰਾਂ ਦਾ ਵਰਨਣ ਕਰੋ?
ਪ੍ਰਸ਼ਨ 4.ਸਿਕੰਦਰ ਦੇ ਭਾਰਤ ਉੱਪਰ ਹਮਲੇ ਦੇ ਪ੍ਰਭਾਵਾਂ ਦਾ ਵਰਨਣ ਕਰੋ? 5+5=10

ਭਾਗ-ਕ

ਨਕਸ਼ੇ ਸਬੰਧੀ ਪ੍ਰਸ਼ਨ:
ਪ੍ਰਸ਼ਨ 1. ਸਿੰਧ ਘਾਟੀ ਦੀ ਸਭਿਅਤਾ ਦੇ ਪੰਜ ਸਥਾਨ ਭਾਰਤ ਦੇ ਨਕਸ਼ੇ ਵਿੱਚ ਭਰੋ ਅਤੇ ਵਿਆਖਿਆ ਕਰੋ।

ਜਾਂ

ਪ੍ਰਸ਼ਨ 2. ਅਸੋਕ ਦੇ ਸਾਮਰਾਜ ਦੇ ਪੰਜ ਸਥਾਨ ਭਾਰਤ ਦੇ ਨਕਸ਼ੇ ਵਿੱਚ ਭਰੋ ਅਤੇ ਵਿਅਖਿਆ ਕਰੋ।